ੴ ਸਤਿਗੁਰ ਪ੍ਰਸਾਦਿ ॥

# ਚਾਲੀ ਸਿੰਘਾਂ ਅਤੇ ਮਾਤਾ ਭਾਗ ਕੌਰ ਦੇ ਬਲਿਦਾਨ ਦੀ ਅਮਰ ਕਥਾ

300 ਵੀਂ ਵਰੇ ਗੰਡ ਦੇ ਸ਼ਹੀਦੀ
ਦਿਵਸ ਤੇ ਵਿਸ਼ੇਸ ਪ੍ਰਕਾਸ਼ਨ

(ਨਾਨਕ ਸ਼ਾਹੀ ਸਮਤ 536)

ਸੂਰਾ ਸੋ ਪਹਚਾਨਿਐ, ਜੋ ਲਰੈ ਦੀਨ ਕੇ ਹੇਤੁ॥
ਪੁਰਜਾ ਪੁਰਜਾ ਕਟਿ ਮਰੈ, ਕਬਹੁ ਨ ਛਾਡੈ ਖੇਤੁ॥


ਪ੍ਰਕਾਸ਼ਕ

ਕ੍ਰਾਂਤਿਕਾਰੀ ਜਗਤ ਗੁਰੂ ਨਾਨਕ ਦੇਰ ਚੈਰਿਟੇਬਲ ਟਰਸਟ, ਚੰਡੀਗੜ੍ਹ



ਲੇਖਕ: ਜਸਬੀਰ ਸਿੰਘ Ph. : (0172-2696891), 09988160484



Type Setting : Radheshyam Choudhary
Mob. : 098149- 66882



Download Free



ਲੇਖਕ: ਜਸਬੀਰ ਸਿੰਘ

# ਸ਼ਹੀਦ ਦੀ ਪਰਿਭਾਸ਼ਾ

ਜੋ ਮਨੁੱਖ ਲਗਾਤਾਰ ਚੁਣੌਤੀ ਮਿਲਣ ਤੇ ਵੀ ਆਪਣੇ ਆਦਰਸ਼ ਲਈ ਦ੍ਰਿੜ ਇਰਾਦੇ ਨਾਲ ਜੂਝਦਾ ਹੋਇਆ ਆਪਣੇ ਪ੍ਰਾਣਾਂ ਦੀ ਆਹੂਤੀ ਦੇ ਦੇਵੇ ਅਰਥਾਤ ਕੁਰਬਾਨ ਹੋ ਜਾਵੇ ਪਰ ਆਪਣੀ ਧਾਰਨਾ ਵਿਚ ਤਬਦੀਲੀ ਨਾ ਲਿਆਵੇ, ਅਜਿਹੇ ਬਲਿਦਾਨੀ ਮਨੁੱਖ ਨੂੰ ਸ਼ਹੀਦ ਕਹਿੰਦੇ ਹਨ। ਦੂਜੇ ਸ਼ਬਦਾਂ ਵਿਚ ਜਿਸ ਮਨੁੱਖ ਨੂੰ ਆਪਣੀ ਜਾਨ ਬਚਾਉਣ ਲਈ ਦੁਸ਼ਮਣਾਂ ਵਲੋਂ ਘੱਟੋ ਘੱਟ ਇੱਕ ਮੌਕਾ ਦਿੱਤਾ ਜਾਵੇ ਪਰ ਫਿਰ ਵੀ ਉਹ ਆਪਣੇ ਆਦਰਸ਼ਵਾਦੀ ਮਾਰਗ ਨੂੰ ਤਿਆਗਣ ਲਈ ਤਿਆਰ ਨਾ ਹੋਵੇ, ਉਹ ਸ਼ਹੀਦ ਅਖਵਾਉਂਦਾ ਹੈ। ਰਣ-ਭੂਮੀ ਵਿਚ ਲੜਦੇ ਸੈਨਿਕਾਂ ਤੇ ਵੀ ਇਹੀ ਸਿਧਾਂਤ ਲਾਗੂਹੁੰਦਾ ਹੈ। ਉਨ੍ਹਾਂ ਨੂੰ ਵੀ ਵਿਰੋਧੀ ਧਿਰ ਦੇ ਸੈਨਿਕ ਹਥਿਆਰ ਸੁੱਟਣ ਲਈ ਮਜਬੂਰ ਕਰਦੇ ਹਨ, ਯਾ ਰਣ ਵਿਚੋਂ ਭੱਜਣ ਦਾ ਪੂਰਾ ਮੌਕਾ ਦੇਂਦੇ ਹਨ ਪਰ ਦੇਸ਼ ਭਗਤ ਸੈਨਿਕ ਅਜਿਹਾ ਨਹੀਂ ਕਰਦੇ, ਦੇਸ਼ ਦੇ ਕੰਮ ਆਉਣ ਨੂੰ ਹੀ ਉਹ ਆਪਣੀ ਮੰਜ਼ਿਲ ਮੰਨਦੇ ਹਨ। ਅਰਥਾਤ ਜਿੱਤ ਜਾਂ ਮੌਤ ਵਿਚੋਂ ਕਿਸੇ ਇੱਕ ਦੀ ਪ੍ਰਾਪਤੀ ਦੀ ਇੱਛਾ ਹੀ ਉਨ੍ਹਾਂ ਨੂੰ ਸ਼ਹੀਦ ਦਾ ਦਰਜਾ ਦੇਂਦੀ ਹੈ।

## ਭੂਮਿਕਾ

ਸਰਹਿੰਦ ਦਾ ਨਵਾਬ ਵਜ਼ੀਦ ਖਾਨ, ਜਦੋਂ ਆਨੰਦਪੁਰ ਦੀ ਛੇ ਮਹਿਨਿਆਂ ਦੀ ਘੇਰਾ ਬੰਦੀ ਤੋਂ ਬਾਦ ਵੀ ਨਾਕਾਮ ਹੁੰਦੇ ਵਾਪਸ ਖਾਲੀ ਹੱਥ ਪਰਤਿਆ ਤਾਂ ਉਹ ਇਸ ਅਸਫਲਤਾ ਤੋਂ ਬੋਖਲਾ ਉਠਿਆ। ਉਸ ਨੇ ਇਸੀ ਬੋਖਲਾਹਟ ਵਿੱਚ ਸ੍ਰੀ ਗੁਰੂਗੋਬਿੰਦ ਸਿੰਘ ਜੀ ਦੇ ਮਾਸੂਮ ਬੱਚਿਆਂ ਨੂੰ ਜੋ ਕਿ ਉਸ ਦੇ ਹੱਥ ਲਗ ਗਏ ਸਨ, ਜ਼ਿੰਦਾ ਦੀਵਾਰ ਵਿੱਚ ਚਿਣਵਾ ਦਿੱਤਾ।

ਨਿਰਦੋਸ਼ ਬੱਚਿਆਂ ਦੇ ਹਤਿਆਰੇ ਦੇ ਰੂਪ ਵਿੱਚ ਬਦਨਾਮੀ ਉਸ ਨੂੰ ਚੈਨ ਨਹੀਂ ਲੈਣ ਦੇ ਰਹੀ ਸੀ, ਇਸ ਲਈ ਜਦੋਂ ਉਸ ਨੂੰ ਪਤਾ ਲੱਗਿਆ ਕਿ ਗੁਰੂਗੋਬਿੰਦ ਸਿੰਘ ਜੀ ਠੀਕ-ਠਾਕ ਹਾਲਤ ਵਿੱਚ ਵਿਚਰ ਰਹੇ ਹਨ ਤਾਂ ਉਸ ਨੂੰ ਉਨ੍ਹਾਂ ਦਾ ਜੀਵਤ ਹੋਣਾ ਅਪਣੀ ਮੌਤ ਭਾਸਣ ਲੱਗੀ। ਇਸ ਲਈ ਉਸ ਨੇ

ਮੁੜ ਗੁਰੂਗੋਬਿੰਦ ਸਿੰਘ ਜੀ ਤੇ ਇੱਕ ਹੋਰ ਹਮਲਾ ਕਰਨ ਦੀ ਯੋਜਨਾ ਬਣਾਈ। ਉਹ ਚਾਹੁੰਦਾ ਸੀ ਕਿ ਉਹ ਅਪਣੇ ਦੁਸ਼ਮਣ ਤੇ ਜਿਤ ਪਾ ਕੇ ਉਸ ਤੋਂ ਸਦਾ ਲਈ ਬੇਫਿਕਰ ਹੋ ਸਕੇ, ਜਿਸ ਨਾਲ ਉਸ ਦੀ ਜਾਨ ਤੇ ਮੰਡਰਾ ਰਿਹਾ ਖ਼ਬਰਾ ਸਦਾ ਲਈ ਟਲ ਜਾਏ। ਇਸ ਲਈ ਉਸ ਨੇ ਚੌਧਰੀ ਸ਼ਮੀਰ ਅਤੇ ਲਖਮੀਰ ਨੂੰ ਧਮਕੀ ਭਰਿਆ ਪੱਤਰ ਲਿਖਿਆ ਅਤੇ ਕਿਹਾ ਕਿ ਉਹ ਗੁਰੂਗੋਬਿੰਦ ਸਿੰਘ ਜੀ ਨੂੰ ਉਸ ਦੇ ਹਵਾਲੇ ਕਰ ਦੇਵੇ ਯਾ ਉਨ੍ਹਾਂ ਨੂੰ ਪਕੜਣ ਵਿੱਚ ਉਸ ਦੀ ਸਹਾਇਤਾ ਕਰਨ। ਪਰ ਇਨ੍ਹਾਂ ਦੋਨਾਂ ਭਰਾਵਾਂ ਨੇ ਸਾਫ਼ ਇਨਕਾਰ ਕਰ ਦਿੱਤਾ।

## ਮੁਗਲਾਂ ਨਾਲ ਅੰਤਲਾ ਯੁੱਧ

ਜਦੋਂ ਨਵਾਬ ਵਜੀਦ ਖਾਨ ਨੂੰ ਚੋਧਰੀ ਸ਼ਮੀਰ ਅਤੇ ਲਖਮੀਰ ਦਾ ਕੋਰਾ ਜਵਾਬ ਮਿਲਿਆ ਤਾਂ ਉਸਨੇ ਬਗਾਵਤ ਨੂੰ ਕੁਚਲਣ ਦੀ ਪੱਕੀ ਠਾਨ ਲਈ। 'ਦੀਨਾ ਕਾਂਗੜ' ਪਿੰਡ ਯੁੱਧ ਦੀ ਦ੍ਰਿਸ਼ਟੀ ਤੋਂ ਠੀਕ ਨਹੀ ਸੀ, ਇਸਦੇ ਇਲਾਵਾ ਗੁਰੂਸਾਹਿਬ ਇਸ ਪਿੰਡ ਨੂੰ ਯੁੱਧ ਦੀ ਤਬਾਹੀ ਨਾਲ ਨੁਕਸਾਨ ਨਹੀ ਪਹੁੰਚਾਉਣਾ ਚਾਹੁੰਦੇ ਸਨ। ਇਸ ਲਈ ਉਨ੍ਹਾਂ ਨੇ ਤਤਕਾਲੀਨ ਹਾਲਾਤਾਂ ਅਨੁਸਾਰ ਕਿਸੇ ਉਚਿਤ ਸਥਾਨ ਦੀ ਭਾਲ ਕਰਨੀ ਸ਼ੁਰੂਕਰ ਦਿੱਤੀ ਅਤੇ ਦੀਨਾ ਕਾਂਗੜ ਪਿੰਡ ਤੋਂ ਚਾਲੇ ਪਾ ਦਿੱਤੇ। ਇਸ ਸਮੇਂ ਤੱਕ ਗੁਰੂਜੀ ਕੋਲ ਬਹੁਤ ਵੱਡੀ ਸੰਖਿਆ ਵਿਚ ਸ਼ਰਧਾਲੂਸਿੱਖ (ਸੈਨਿਕ) ਇਕੱਠੇ ਹੋ ਚੁੱਕੇ ਸਨ। ਯੁੱਧ ਨੂੰ ਮੱਦੇ ਨਜ਼ਰ ਰੱਖਦੇ ਹੋਏ ਬਹੁਤ ਸਾਰੇ ਤਨਖਾਹ ਲੈਣ ਵਾਲੇ ਸੈਨਿਕ ਵੀ ਭਰਤੀ ਕਰ ਲਏ ਸਨ। ਹਥਿਆਰ (ਅਸਤਰ ਸ਼ਸਤਰ) ਦਾ ਵੀ ਭੰਡਾਰ ਤਿਆਰ ਹੋ ਗਿਆ ਸੀ। ਗੁਰੂਜੀ ਮਾਲਵਾ ਇਲਾਕੇ ਦੇ ਅਨੇਕ ਪਿੰਡਾ ਦਾ ਦੌਰਾ ਕਰਦੇ ਹੋਏ ਅੱਗੇ ਵਧਦੇ ਗਏ। ਇਨ੍ਹਾਂ ਪਿੰਡਾ ਵਿਚ ਆਪੇ ਦੀਆਂ ਯਾਦਗਾਰਾਂ ਹਨ, ਉਹ ਇਸ ਪ੍ਰਕਾਰ ਹਨ ਜਲਾਲ, ਭਗਤਾ, ਪਵੋ, ਲੰਭਾਵਾਲੀ ਮਲੂਕੇ ਦਾ ਕੋਟ, ਇਸ ਤੋ ਬਾਅਦ ਆਪ ਕੋਟਕਪੂਰੇ ਪਹੰਚੇ। ਇਥੇ ਦੇ ਚੋਧਰੀ ਨੇ ਗੁਰੂਜੀ ਦਾ ਹਾਰਦਿਕ ਸਵਾਗਤ ਕੀਤਾ। ਗੁਰੂਸਾਹਿਬ ਨੂੰ ਇਹ ਥਾਂ ਯੁੱਧ ਨੀਤੀ ਦੇ ਪੱਖ ਤੋਂ ਉਚਿਤ ਲੱਗਿਆ। ਇਸ ਲਈ ਆਪ ਜੀ ਨੇ ਚੋਧਰੀ ਕਪੂਰੇ ਨੂੰ ਕਿਹਾ ਕਿ ਉਹ ਆਪਣਾ ਕਿਲ੍ਹਾ ਮੋਰਚੇ ਲਗਾਉਣ ਦੇ ਲਈ ਦੇ ਦੇਵੇ ਤਾਂ ਕਿ ਮੁਗਲਾਂ ਦੇ ਨਾਲ ਫਿਰ ਦੋ-ਦੋ

ਹੱਥ (ਲੜਾਈ) ਹੋ ਜਾਣ। ਚੋਧਰੀ ਕਪੂਰਾ ਮੁਗਲਾਂ ਤੋਂ ਡਰਦਾ ਸੀ। ਉਸਨੇ ਗੁਰੂਸਾਹਿਬ ਨੂੰ ਟਾਲਣਾ ਸ਼ੁਰੂਕਰ ਦਿੱਤਾ ਅਤੇ ਕਿਹਾ ਜੇ ਗੁਰੂਸਾਹਿਬ ਚਾਹੁਣ ਤਾਂ ਉਹ ਮੁਗਲਾਂ ਨਾਲ ਉਨ੍ਹਾਂ ਦੀ ਸੰਧੀ ਕਰਵਾਉਣ ਵਿਚ ਵਿਚੋਲੇ ਦੀ ਭੂਮਿਕਾ ਨਿਭਾ ਸਕਦਾ ਹੈ। ਇਹ ਪ੍ਰਸਤਾਵ ਸੁਣ ਕੇ ਗੁਰੂਸਾਹਿਬ ਨੇ ਬਹੁਤ ਰੋਸ ਪ੍ਰਗਟ ਕੀਤਾ ਅਤੇ ਕਿਹਾ, "ਮੈਂ ਤਾਂ ਪੰਥ ਦੇ ਲਈ ਸਭ ਕੁਝ ਨਿਛਾਵਰ ਕਰ ਦਿੱਤਾ ਹੈ, ਹੁਣ ਸੰਧੀ ਕਿਸ ਗੱਲ ਦੀ ਕਰਨੀ ਹੈ।"

ਇਸ ਜਵਾਬ ਨੂੰ ਸੁਣ ਕੇ ਚੌਧਰੀ ਕਪੂਰੇ ਨੇ ਗੁਰੂਸਾਹਿਬ ਨੂੰ ਯੁੱਧ ਦੀ ਦ੍ਰਿਸ਼ਟੀ ਤੋਂ ਇਕ ਸ਼੍ਰੇਸਟ ਸਥਾਨ ਦਾ ਪਤਾ ਦੱਸਿਆ ਜਿਥੇ ਯੁੱਧ ਵਿਚ ਜਿੱਤ ਨਿਸ਼ਚਿਤ ਸੀ, ਉਹ ਸਥਾਨ ਸੀ 'ਖਿਦਰਾਣੇ ਦੀ ਢਾਬ' । ਇਥੇ ਪਾਣੀ ਦਾ ਠੀਕ ਪ੍ਰਬੰਧ ਸੀ ਅਤੇ ਇਸ ਪੂਰੇ ਇਲਾਕੇ ਵਿਚ ਇਸ ਥਾਂ ਤੋਂ ਇਲਾਵਾ ਕਿਤੇ ਪਾਣੀ ਨਹੀਂ ਸੀ। ਗੁਰੂਸਾਹਿਬ ਨੂੰਇਹ ਸੁਝਾਉ ਬਹੁਤ ਚੰਗਾ ਲੱਗਿਆ ਕਿਉਂਕਿ ਮਾਰੂਥਲ ਵਿਚ ਜੀਵਨ ਦੇ ਲਈ ਪਾਣੀ ਅਨਮੋਲ ਚੀਜ਼ ਹੁੰਦੀ ਹੈ ਅਤੇ ਲੰਮੇ ਯੁੱਧ ਦੇ ਸਮੇਂ ਤਾਂ ਬਿਨ੍ਹਾਂ ਪਾਣੀ ਦੁਸ਼ਮਣ ਆਸਾਨੀ ਨਾਲ ਹਾਰ ਸਕਦਾ ਹੈ। ਗੁਰੂਸਾਹਿਬ ਆਪਣੀ ਸੈਨਾ ਨਾਲ ਨਿਸਚਿਤ ਉਦੇਸ਼ ਵੱਲ ਅੱਗੇ ਅਵਣ ਲੱਗੇ। ਰਾਹ ਵਿਚ ਪੰਜਵੇ ਗੁਰੂਸ਼੍ਰੀ ਗੁਰੂਅਰਜਨ ਦੇਵ ਜੀ ਦੇ ਭਰਾ ਪ੍ਰਿਥੀ ਚੰਦ ਦੀ ਸੰਤਾਨਾਂ (ਔਲਾਦਾਂ) ਵਿਚੋਂ ਸੋਢੀ ਵੰਸ਼ ਦੇ ਲੋਕ ਰਹਿੰਦੇ ਸਨ। ਇਸ ਢਿਲਵਾਂ ਨਾਂ ਦੇ ਪਿੰਡ ਦੇ ਲੋਕਾਂ ਨੇ ਆਪਜੀ ਦਾ ਭਰਵਾਂ ਸੁਆਗਤ ਕੀਤਾ। ਗੁਰੂਸਾਹਿਬ ਉਨ੍ਹਾਂ ਦੇ ਪ੍ਰੇਮ ਨੂੰ ਵੇਖ ਕੇ ਉਥੇ ਰੁੱਕ ਗਏ। ਜਦੋਂ ਸੋਢੀ ਵੰਸ ਦੇ ਲੋਕਾਂ ਨੇ ਉਨ੍ਹਾਂ ਨੂੰ ਨੀਲੇ ਬਸਤਰਾਂ ਵਿਚ ਵੇਖਿਆ ਤਾਂ ਇਸ ਦਾ ਕਾਰਨ ਪੁੱਛਿਆ ਅਤੇ ਬੇਨਤੀ ਕੀਤੀ ਕਿ ਉਹ ਦੁਬਾਰਾ ਪਹਿਲਾਂ ਵਾਲਾ ਬਾਣਾ ਧਾਰਨ ਕਰਨ। ਗੁਰੂਸਾਹਿਬ ਨੇ ਉਨ੍ਹਾਂ ਦਾ ਅਨੁਰੋਧ ਸਵੀਕਾਰ ਕਰਦਿਆਂ ਹੋਇਆਂ ਨੀਲੇ ਬਸਤਰ ਉਤਾਰ ਦਿੱਤੇ ਅਤੇ ਉਨ੍ਹਾਂ ਨੂੰ ਟੁਕੜੇ-ਟੁਕੜੇ ਕਰਕੇ ਅੱਗ ਦੀ ਭੇਂਟ ਕਰਦੇ ਗਏ। ਉਨ੍ਹਾਂ ਵਿਚੋਂ ਇੱਕ ਲੀਰ ਕੋ ਖਲੋਤੇ ਭਾਈ ਮਾਨ ਸਿੰਘ ਨੇ ਮੰਗ ਲਈ ਜੋ ਗੁਰੂਸਾਹਿਬ ਨੇ ਉਸ ਨੂੰ ਦੇ ਦਿੱਤੀ। ਭਾਈ ਮਾਨ ਸਿੰਘ ਜੀ ਨੇ ਉਸ ਨੀਲੀ ਲੀਰ ਨੂੰ ਆਪਣੇ ਸਿਰ ਤੇ ਬੰਨ੍ਹ ਕੇ ਪੱਗ ਵਿਚ ਸਜਾ ਲਿਆ। ਉਸ ਦਿਨ ਤੋਂ ਨਿਹੰਗ-ਸੰਪਰਦਾਏ ਦੇ ਲੋਕ ਆਪਣੀ ਦਸਤਾਰ ਨੀਲੇ ਰੰਗ ਦੀ ਹੀ ਧਾਰਨ ਕਰਦੇ ਹਨ।

ਢਿਲਵਾਂ ਪਿੰਡ ਤੋਂ ਗੁਰੂਸਾਹਿਬ 'ਜੈਤੋਂ' ਕਸਬੇ ਵਿਚ ਪਹੁੰਚੇ। ਇਥੇ ਗੁਰੂਜੀ ਨੂੰ ਸੂਹੀਏ ਨੇ ਸੂਚਨਾ ਦਿੱਤੀ ਕਿ ਸਰਹੰਦ ਦਾ ਨਵਾਬ ਲੱਗਭਗ ਦਸ ਹਜ਼ਾਰ ਸੈਨਾ ਲੈ ਕੇ ਆ ਰਿਹਾ ਹੈ। ਇਸ ਲਈ ਗੁਰੂਸਾਹਿਬ ਨੇ ਅਗਲਾ ਪੜਾਅ ਸੁਨਿਆਰ ਪਿੰਡ ਦੇ ਖੇਤਾਂ ਵਿਚ ਕੀਤਾ। ਪਿੰਡ ਵਾਲਿਆਂ ਨੇ ਗੁਰੂਸਾਹਿਬ ਨੂੰ ਹਰ ਤਰ੍ਹਾਂ ਦੀ ਸਹਾਇਤਾ ਦੇਣ ਦਾ ਭਰੋਸਾ ਦਿੱਤਾ। ਪਰ ਗੁਰੂਸਾਹਿਬ ਨੇ ਅਗਲੀ ਸਵੇਰ ਸਿੱਧੇ। 'ਖਿਦਰਾਣੇ ਦੀ ਢਾਬ' ਵੱਲ ਚਾਲੇ ਪਾ ਦਿੱਤੇ।

## 'ਮੁਕਤਸਰ ਦਾ ਯੁੱਧ'

ਆਨੰਦਪੁਰ ਕਿਲ੍ਹੇ ਵਿਚ ਮੁਗਲ ਸੈਨਾ ਦੁਆਰਾ ਲੰਮੀ ਘੇਰਾਬੰਦੀ ਦੇ ਕਾਰਨ ਜਿਹੜੇ ਸਿੱਖਾਂ ਨੇ ਭੋਜਨ ਦੀ ਕਮੀ ਦਾ ਸਾਹਮਣਾ ਕੀਤਾ ਸੀ, ਉਹ ਸਿੱਖ ਗੁਰੂਸਾਹਿਬ ਨੂੰ ਮਜਬੂਰ ਕਰ ਰਹੇ ਸਨ ਕਿ ਉਹ ਮੁਗਲਾਂ ਦੀਆਂ ਕਸਮਾਂ (ਸਹੁੰਆਂ) ਤੇ ਵਿਸ਼ਵਾਸ ਕਰਕ ਉਨ੍ਹਾਂ ਨਾਲ ਸੰਧੀ ਕਰਕ ਕਿਲ੍ਹਾ ਛੱਡ ਦੇਣ, ਜਿਸ ਨਾਲ ਮੁਸ਼ਕਲਾਂ ਤੋਂ ਕੁਝ ਤਾਂ ਸਾਹ ਆਵੇ। ਪਰ ਗੁਰੂਸਾਹਿਬ ਦੂਰ-ਦ੍ਰਿਸ਼ਟੀ ਦੇ ਮਾਲਕ ਸਨ। ਉਨ੍ਹਾਂ ਨੇ ਕਿਹਾ ਕਿ ਉਹ ਸਾਰੀਆਂ ਸਹੁੰਆਂ ਝੂਠੀਆਂ ਹਨ, ਕਦੇ ਦੀ ਦੁਸ਼ਮਣ ਦੀਆਂ ਰਾਜਨੀਤਕ ਚਾਲਾਂ ਤੇ ਭਰੋਸਾ ਨਹੀ ਕਰਨਾ ਚਾਹੀਦਾ। ਪ੍ਰੰਤੂਕਈ ਦਿਨਾਂ ਦੇ ਭੁੱਖੇ-ਪਿਆਸੇ ਸਿੰਘ ਅੰਤ ਵਿਚ ਤੰਗ ਆ ਕੇ ਆਪਣੇ ਘਰ ਵਾਪਸ ਜਾਣ ਦੀ ਜ਼ਿੱਦ ਕਰਨ ਲੱਗੇ। ਇਸ ਹਾਲਾਤ ਜਾਣ ਚਾਹੁੰਦਾ ਹੈ, ਉਹ ਇੱਕ ਕਾਗਜ਼ ਤੇ ਲਿਖ ਦੇਵੇ, "ਅਸੀਂ ਤੁਹਾਡੇ ਸਿੱਖ ਨਹੀਂ ਅਤੇ ਤੁਸੀਂ ਸਾਡੇ ਗੁਰੂਨਹੀਂ। "ਆਪਣੇ ਦਸਤਖਤ ਕਰ ਕੇ ਆਪਣੇ ਘਰ ਚਲੇ ਜਾਣ।"

ਮਾਝੇ ਇਲਾਕੇ ਦੇ ਝਬਾਲ ਨਗਰ ਦੇ ਮਹਾਂ ਸਿੰਘ ਦੀ ਅਗਵਾਈ ਵਿਚ ਲਗਭਗ ਚਾਲੀ ਜਵਾਨਾਂ ਨੇ ਇਹ ਦੁਰ-ਸਾਹਸ ਕੀਤਾ ਅਤੇ ਗੁਰੂਸਾਹਿਬ ਨੂੰ ਬੇ-ਦਾਵਾ (ਤਿਆਗ ਪੱਤਰ) ਲਿੱਖ ਦਿੱਤਾ। ਗੁਰੂਸਾਹਿਬ ਨੇ ਇਹ ਕਾਗਜ਼ ਆਪਣੇ ਪਾਸ ਰੱਖ ਲਿਆ ਅਤੇ ਉਨ੍ਹਾਂ ਨੂੰ ਆਗਿਆ ਦੇ ਦਿੱਤੀ ਕਿ ਹੁਣ ਉਹ ਜਾ ਸਕਦੇ ਹਨ। ਇਹ ਸਾਰੇ ਜਵਾਨ ਰਾਤ ਦੇ ਹਨੇਰੇ ਵਿਚ ਹੌਲੀ-ਹੌਲੀ ਇੱਕ ਇੱਕ ਕਰਕੇ ਦੁਸਮਣ ਦੇ ਮੋਰਚਿਆਂ ਕੋਲੋਂ ਲੰਘ ਗਏ।

ਜਦੋਂ ਇਹ ਜਵਾਨ ਝਬਾਲ ਨਗਰ ਪਹੁੰਚੇ ਤਾਂ ਉਥੋਂ ਦੀ ਸੰਗਤ ਨੇ ਉਨ੍ਹਾਂ ਨੂੰ ਆਨੰਦਪੁਰ ਦੇ ਯੁੱਧ ਦੇ ਬਾਰੇ ਪੁੱਛਿਆ ਅਤੇ ਜਦੋਂ ਇਹ ਪਤਾ ਲੱਗਾ ਕਿ ਇਹ ਜਵਾਨ ਸਿਰਫ ਸ਼ਰੀਰਕ ਕਸ਼ਟਾਂ ਤੋਂ ਬਚਦੇ ਹੋਏ ਗੁਰੂਤੋਂ ਬੇਮੁੱਖ ਹੋ ਕੇ ਘਰ ਭੱਜ ਆਏ ਹਨ ਤਾਂ ਵੱਡਿਆਂ ਅਤੇ ਬੁੱਢਿਆਂ ਸਾਰਿਆਂ ਤੋਂ ਉਨ੍ਹਾਂ ਨੂੰ ਫ਼ਿਟਕਾਰ ਮਿਲੀ ਕਿ ਉਨ੍ਹਾਂ ਨੇ ਇਹ ਚੰਗਾ ਨਹੀਂ ਕੀਤਾ। ਯੁੱਧ ਨੂੰ ਅੱਧ-ਵਿਚਾਲੇ ਛੱਡ ਕੇ ਤੁਹਾਡਾ ਘਰ ਆਉਣਾ, ਗੁਰੂਸਾਹਿਬ ਦੇ ਨਾਲ ਧੋਖਾ ਅਤੇ ਗਦਾਰੀ ਹੈ। ਨਗਰ ਦੀਆਂ ਔਰਤਾਂ ਨੇ ਇੱਕ ਸਭਾ ਬੁਲਾਈ। ਉਸ ਵਿਚ ਸੂਰਬੀਰ ਔਰਤਾਂ ਨੇ ਭਾਸ਼ਨ ਦਿੱਤਾ ਕਿ ਇਨ੍ਹਾਂ ਮਰਦਾ ਨੂੰ ਘਰਾਂ ਵਿੱਚ ਇਸਤਰੀਆਂ ਦੇ ਕਪੜੇ ਅਤੇ ਗਹਿਣੇ ਪਾ ਕੇ ਘਰੇਲੂਕੰਮ ਕਰਨੇ ਚਾਹੀਦੇ ਹਨ ਅਤੇ ਸ਼ਸਤਰ ਔਰਤਾਂ ਨੂੰ ਦੇਣੇ ਚਾਹੀਦੇ ਹਨ ਅਸੀਂ ਸਾਰੀਆਂ ਔਰਤਾਂ ਸ਼ਸਤਰ ਧਾਰਨ ਕਰਕੇ ਗੁਰੂਸਾਹਿਬ ਦੀ ਸਹਾਇਤਾ ਲਈ ਯੁੱਧ-ਭੂਮੀ ਵਿਚ ਜਾਣ ਲਈ ਤਿਆਰ ਹਾਂ। ਜਦੋਂ ਇਨ੍ਹਾਂ ਜਵਾਨਾਂ ਦਾ ਸਮਾਜ ਵਿਚ ਤ੍ਰਿਸਕਾਰ ਹੋਣ ਲੱਗ ਪਿਆ ਤਾਂ ਉਨ੍ਹਾਂ ਨੂੰ ਉਸ ਸਮੇਂ ਆਪਣੇ ਆਪ ਤੋਂ ਬਹੁਤ ਸ਼ਰਮਿੰਦਗੀ ਮਹਿਸੂਸ ਹੋਈ, ਇਸ ਤਰਾਂ ਉਨ੍ਹਾਂ ਦਾ ਮਵੈਮਾਨ ਜਾਗ ਉਠਿਆ। ਉਹ ਸਾਰੇ ਗੁਰੂਸਾਹਿਬ ਤੋਂ ਸੁਆਫੀ ਮੰਗਣ ਲਈ ਸਲਾਹ ਕਰਨ ਲੱਗੇ ਪਰ ਹੁਣ ਉਨ੍ਹਾਂ ਨੂੰ ਕਿਸੇ ਪਰਉਪਕਾਰੀ ਵਿਚੋਲੇ ਦੀ ਜ਼ਰੂਰਤ ਸੀ। ਇਸ ਲਈ ਉਨ੍ਹਾਂ ਨੇ ਸਰਬ-ਸੰਮਤੀ ਨਾਲ ਉਸੇ ਸੂਰਬੀਰ ਮਾਈ ਭਾਗ ਕੌਰ ਨੂੰ ਆਪਣੀ ਅਗਵਾਈ ਕਰਨ ਲਈ ਬੇਨਤੀ ਕੀਤੀ ਜੋ ਕਿ ਮਾਤਾ ਨੇ ਖੁਸ਼ੀ ਨਾਲ ਸਵੀਕਾਰ ਕਰ ਲਈ। ਉਹ ਸਾਰੇ ਗੁਰੂਸਾਹਿਬ ਦੀ ਖੋਜ ਵਿਚ ਘਰਾਂ ਤੋਂ ਚਲ ਪਏ। ਰਾਹ ਵਿਚ ਉਨ੍ਹਾਂ ਨੂੰ ਪਤਾ ਲੱਗਾ ਕਿ ਗੁਰੂਸਾਹਿਬ ਇਨ੍ਹਾਂ ਦਿਨਾਂ ਵਿਚ 'ਦੀਨਾਂ ਕਾਂਗੜ' ਨਗਰ ਵਿਚ ਹਨ। ਉਹ ਸਾਰੇ 'ਦੀਨਾਂ ਕਾਂਗੜ ਪਹੁੰਚੇ, ਪਰ ਗੁਰੂਸਾਹਿਬ ਯੁੱਧ ਦੀ ਤਿਆਰੀ ਵਿਚ ਕਿਸੇ ਉਚਿਤ ਸਥਾਨ ਦੀ ਖੋਜ ਵਿਚ, ਚੋਧਰੀ ਕਪੂਰੇ ਦੇ ਯੁਝਾਵ ਅਨੁਸਾਰ ਜਿਲ੍ਹਾ ਫਿਰੋਜ਼ਪੁਰ ਦੇ ਪਿੰਡ 'ਖਿਦਰਾਣਾ' ਪਹੁੰਚ ਚੁੱਕੇ ਸਨ। ਇਹ ਕਾਫਲਾ ਵੀ ਗੁਰੂਸਾਹਿਬ ਤੋਂ ਮੁਆਫੀ ਮੰਗਣ ਲਈ ਉਨ੍ਹਾਂ ਦੀ ਖੋਜ ਵਿਚ ਅੱਗੇ ਹੀ ਵੱਧਦਾ ਗਿਆ। ਜਲਦੀ ਹੀ ਇਸ ਕਾਫਲੇ ਦੇ ਯੋਧਿਆ ਨੂੰ ਸੂਚਨਾ ਮਿਲ ਗਈ ਕਿ ਸਰਹੰਦ ਦਾ ਨਵਾਬ ਵਜੀਦ ਖਾਨ ਬਹੁਤ ਵੱਡੀ ਸੈਨਾ ਲੈ ਕੇ ਗੁਰੂਸਾਹਿਬ ਦਾ ਪਿੱਛਾ ਕਰ ਰਿਹਾ ਹੈ। ਇਸ ਲਈ ਉਨ੍ਹਾਂ ਨੇ ਵਿਚਾਰ ਕੀਤਾ ਕਿ ਹੁਣ ਗੁਰੂਸਾਹਿਬ ਨਾਲ ਮਿਲਣਾ ਅਸੰਭਵ ਹੈ ਕਿਉਂਕਿ ਦੁਸ਼ਮਣ ਦੀ ਸੈਨਾਂ ਉਨ੍ਹਾਂ ਦੇ ਬਹੁਤ ਨੇੜੇ ਪਹੁੰਚ ਗਈ ਹੈ। ਮਾਤਾ ਭਾਗ ਕੌਰ ਨੇ ਸਲਾਹ ਦਿੱਤੀ ਕਿ ਕਿਉਂ ਨਾ ਉਹ ਦੁਸ਼ਮਣ ਨਾਲ ਉਥੇ ਹੀ ਦੋ-ਦੋ ਹੱਥ ਕਰ ਲੈਣ? ਦੁਸ਼ਮਣ ਨੂੰ ਗੁਰੂਸਾਹਿਬ ਤੱਕ ਪਹੁੰਚਣ ਹੀ

ਨਾ ਦੇਣ। ਮਹਾਂ ਸਿੰਘ ਅਤੇ ਦੂਜੇ ਜਵਾਨਾਂ ਨੂੰ ਇਹ ਸਲਾਹ ਬਹੁਤ ਚੰਗੀ ਲਗੀ। ਉਨ੍ਹਾਂ ਦੇ ਦੁਸ਼ਮਨ ਨੂੰ ਆਪਣੇ ਵੱਲ ਖਿੱਚਣ ਲਈ ਆਪਣੇ ਥੈਲਿਆਂ ਵਿਚੋਂ ਚਾਦਰਾਂ ਕੱਢ ਕੇ ਰੇਤ ਦੇ ਮੈਦਾਨ ਵਿਚ ਉਗੀਆਂ ਝਾੜੀਆਂ ਤੇ ਇਸ ਤਰ੍ਹਾਂ ਵਿਛਾ ਦਿੱਤਿਆਂ ਕਿ ਦੂਰੋਂ ਵੇਖਣ ਤੇ ਇਹ ਕਿਸੇ ਵੱਡੀ ਸੈਨਾ ਦੇ ਸ਼ਿਵਰ ਹੋਣ ਦਾ ਪ੍ਰਭਾਵ ਦੇਵੇ। ਜਿਉਂ ਹੀ ਵਜੀਦ ਖਾਨ ਸੈਨਾ ਲੈ ਕੇ ਇਸ ਇਲਾਕੇ ਵਿਚੋਂ ਲੰਘਣ ਲੱਗਾ ਤਾਂ ਉਸ ਨੂੰ ਦੂਰ ਤੋਂ ਇਹ ਸੈਨਾ ਦਾ ਵੱਡਾ ਕਾਫਲਾ ਲੰਗਾ। ਉਹ ਅੱਗੇ ਵਧਣਾਂ ਛੱਡਕੇ ਇਸੇ ਕਾਫਲੇ ਤੇ ਟੁੱਟ ਪਏ। ਇਤਫਾਕ ਦੀ ਗੱਲ ਸੀ ਕਿ ਗੁਰੂਸਾਹਿਬ ਦਾ ਸੈਨਿਕ ਮੋਰਚਾ ਵੀ ਇਥੋਂ ਲਗਭਗ ਇਕ ਕਿਲੋਮੀਟਰ ਦੂਰ ਸਾਹਮਣੇ ਦੀ ਉੱਚੀ ਪਹਾੜੀ ਤੇ ਸਥਿਤ ਸੀ।

ਹੁਣ ਮਹਾਂ ਸਿੰਘ ਦੇ ਜੱਥੇ ਦੇ ਜਵਾਨ ਆਤਮ-ਬਲਿਦਾਨ ਦੀ ਭਾਵਨਾ ਨਾਲ ਦੁਸ਼ਮਣ ਦਾ ਮੁਕਾਬਲਾ ਕਰਨ ਲੱਗੇ। ਵੇਖਦਿਆਂ ਹੀ ਵੇਖਦਿਆਂ ਰਣ-ਭੂਮੀ ਵਿਚ ਚਾਰੇ ਪਾਸੇ ਲਾਸ਼ਾਂ ਹੀ ਲਾਸ਼ਾਂ ਦਿਖਾਈ ਦੇਣ ਲੱਗੀਆਂ। ਸਾਰੇ ਸਿੰਘ ਬਹੁਤ ਉੱਚੀ ਆਵਾਜ਼ ਵਿਚ ਜੈਕਾਰੇ ਬੁਲਾ ਰਹੇ ਸਨ, ਜਿਨ੍ਹਾਂ ਦੀ ਗੂੰਜ ਨੇ ਗੁਰੂਸਾਹਿਬ ਦਾ ਧਿਆਨ ਇਸ ਪਾਸੇ ਖਿਚਿਆ। ਉਨ੍ਹਾਂ ਨੇ ਵੀ ਮੋਰਚੇ ਤੋਂ ਦੁਸ਼ਮਣ ਦੀ ਸੈਨਾ ਤੇ ਤੀਰਾਂ ਦਾ ਮੀਂਹ ਵਰ੍ਹਾਉਣਾ ਸ਼ੁਰੂਕਰ ਦਿੱਤਾ, ਜਲਦੀ ਹੀ ਸਾਰਾ ਜੱਥਾ ਵੀਰ-ਗਤੀ ਨੂੰ ਪ੍ਰਾਪਤ ਹੋ ਗਿਆ। ਹੁਣ ਵਜੀਦ ਖਾਨ ਦੇ ਸਾਹਮਣੇ ਆਪਣੇ ਸੈਨਿਕਾਂ ਨੂੰ ਪਾਣੀ ਪਿਲਾਉਣ ਦੀ ਸਮੱਸਿਆ ਪੈਦਾ ਹੋ ਗਈ। ਰਾਹ ਵਿਚ ਤਾਂ ਕਿਤੇ ਪਾਣੀ ਹੈ ਹੀ ਨਹੀਂ ਸੀ। ਅੱਗੇ ਗੁਰੂਸਾਹਿਬ ਪਾਣੀ ਤੇ ਕਬਜਾ ਜਮਾਈ ਬੈਠੇ ਸਨ। ਵਜੀਦ ਖਾਨ ਨੇ ਇਕ ਭਾਰੀ ਹਮਲਾ ਕੀਤਾ ਪਰ ਦੂਜੇ ਪਾਸੇ ਤੋਂ ਗੁਰੂਸਾਹਿਬ ਦੇ ਸੈਨਿਕਾਂ ਨੇ ਉਸ ਨੂੰ ਤੁਰੰਤ ਤੀਰਾਂ ਦੇ ਮੀਂਹ ਨਾਲ ਅਸਫਲ ਬਣਾ ਦਿੱਤਾ। ਮੁਗਲ ਸੈਨਿਕ ਪਿਆਸੇ ਹੋਣ ਕਰਕੇ ਦੁਬਾਰਾ ਹਮਲਾ ਕਰਨ ਦਾ ਹੌਂਸਲਾ ਨਹੀਂ ਕਰ ਸਕੇ, ਉਨ੍ਹਾਂ ਨੂੰ ਲੱਗ ਰਿਹਾ ਸੀ ਕਿ ਜੇ ਉਨ੍ਹਾਂ ਨੂੰ ਪਾਣੀ ਨਾ ਮਿਲਿਆ ਤਾਂ ਪਿਆਸੇ ਹੀ ਦਮ ਤੋੜਨਾ ਪਵੇਗਾ, ਕਿਉਂਕਿ ਉਹ ਗੁਰੂਸਾਹਿਬ ਦੀ ਸ਼ਕਤੀ ਅਤੇ ਉਨ੍ਹਾਂ ਦੀ ਯੁੱਧ ਕਲਾ ਨੂੰ ਕਈ ਵਾਰ ਵੇਖ ਚੁੱਕੇ ਸਨ। ਜਲਦੀ ਹੀ ਵਜ਼ੀਦ ਖਾਨ ਨੇ ਵਾਪਸ ਪਰਤਣ ਦਾ ਫੈਸਲਾ ਲੈ ਲਿਆ। ਇਸ ਵਿੱਚ ਹੀ ਉਨ੍ਹਾਂ ਨੇ ਆਪਣਾ ਭਲਾ ਸਮਝਿਆ, ਦੇਰ ਕਰਨ ਤੇ ਸਾਰੇ ਸੈਨਿਕਾਂ ਦੀਆਂ ਕਬਰਾਂ ਮਾਰੂਥਲ ਵਿੱਚ ਬਿਨ੍ਹਾਂ ਲੜੇ ਪਾਣੀ ਦੇ ਪਿਆਸੇ ਹੋਣ ਕਰਕੇ ਇਥੇ ਹੀ ਬਣ ਜਾਣਗੀਆਂ। ਵਜ਼ੀਦ ਖਾਨ ਜਲਦੀ ਹੀ ਆਪਣੀ ਸੈਨਾ ਲੈ ਕੇ ਵਾਪਸ ਮੁੜ ਗਿਆ।

ਜਦੋਂ ਮੈਦਾਨ ਖਾਲੀ ਹੋ ਗਿਆ ਤਾਂ ਗੁਰੂਸਾਹਿਬ ਆਪਣੇ ਸੈਨਿਕਾਂ ਦੇ ਨਾਲ ਰਣ-ਭੂਮੀ ਵਿਚ ਆਏ ਅਤੇ ਸਿੱਖਾਂ ਦੇ ਮ੍ਰਿਤਕ ਸਰੀਰਾਂ ਦੀ ਖੋਜ ਕਰਨ ਲੱਗੇ। ਲਗਭਗ ਸਾਰੇ ਸਿੱਖ ਵੀਰ-ਗਤੀ ਪਾ ਚੁੱਕੇ ਸਨ। ਉਨ੍ਹਾਂ ਦਾ ਮੁਖੀਆ ਭਾਈ ਮਹਾਂ ਸਿੰਘ ਬੇਹੋਸ਼ੀ ਦੀ ਹਾਲਤ ਵਿੱਚ ਸੀ, ਸਾਹ ਬਹੁਤ ਹੌਲੀ-ਹੌਲੀ ਚਲ ਰਿਹਾ ਸੀ। ਜਦੋਂ ਗੁਰੂਸਾਹਿਬ ਨੇ ਉਸਦੇ ਮੂੰਹ ਵਿੱਚ ਪਾਣੀ ਪਾਇਆ ਤਾਂ ਉਹ ਹੋਸ਼ ਵਿੱਚ ਆਇਆ ਅਤੇ ਆਪਣਾ ਸਿਰ ਗੁਰੂਸਾਹਿਬ ਦੀ ਗੋਦੀ ਵਿੱਚ ਵੇਖ ਕੇ ਪ੍ਰਸੰਨ ਹੋ ਉਠਿਆ। ਉਸਨੇ ਗੁਰੂਸਾਹਿਬ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਮੁਆਫ ਕਰ ਦੇਣ। ਜਵਾਬ ਵਿਚ ਗੁਰੂਸਾਹਿਬ ਨੇ ਉਸ ਨੂੰ ਬਹੁਤ ਪਿਆਰ ਨਾਲ ਕਿਹਾ, "ਮੈਨੂੰ ਪਤਾ ਸੀ ਕਿ ਤੁਹਾਨੂੰ ਆਪਣੀ ਭੁੱਲ ਦਾ ਅਹਿਸਾਸ ਹੋਵੇਗਾ ਅਤੇ ਤੁਸੀਂ ਸਾਰੇ ਵਾਪਸ ਆ ਜਾਵੋਗੇ। ਇਸ ਲਈ ਮੈਂ ਤੁਹਾਡਾ ਬੇ-ਦਾਵੇ ਵਾਲਾ ਕਾਗਜ਼ ਸੰਭਾਲ ਲਿਆ ਸੀ। ਮੈਂ ਸਭ ਕੁਝ ਲੁਟਾ ਦਿੱਤਾ ਹੈ ਪਰ ਉਹ ਬੇਦਾਵਾ ਅੱਜ ਵੀ ਆਪਣੇ ਸੀਨੇ ਨਾਲ ਲਾਈ ਬੈਠਾ ਹਾਂ ਅਤੇ ਉਡੀਕ ਕਰ ਰਿਹਾ ਹਾਂ ਕਿ ਉਹ ਮੇਰੇ ਭੁੱਲੇ ਭਟਕੇ ਪੁੱਤਰ ਕਦੀ ਨਾ ਕਦੀ ਜ਼ਰੂਰ ਹੀ ਵਾਪਸ ਮੁੜ ਆਉਣਗੇ। ਗੁਰੂਸਾਹਿਬ ਦਾ ਹਮਦਰਦੀ ਵਾਲਾ ਵਿਵਹਾਰ ਵੇਖ ਕੇ ਮਹਾਂ ਸਿੰਘ ਦੀਆਂ ਅੱਖਾਂ ਤੋਂ ਅਥਰੂਆ ਦੀ ਝੜੀ ਲੱਗ ਗਈ ਅਤੇ ਉਸਨੇ ਸਿਸਕੀਆਂ ਲੈਂਦਿਆਂ ਹੋਇਆਂ ਗੁਰੂਸਾਹਿਬ ਨੂੰ ਬੇਨਤੀ ਕੀਤੀ ਕਿ ਜੇ ਤੁਸੀਂ ਸਾਡੇ ਸਾਰਿਆਂ ਤੇ ਦਿਆਲ ਹੋਏ ਹੋ ਤਾਂ ਸਾਡੀ ਸਾਰਿਆਂ ਦੀ ਇੱਕ ਹੀ ਇੱਛਾ ਸੀ ਕਿ ਅਸੀਂ ਜੋ ਤੁਹਾਨੂੰ ਆਨੰਦਪੁਰ ਵਿੱਚ ਦਗ਼ਾ ਦਿੱਤਾ ਸੀ ਅਥਵਾ ਬੇ-ਦਾਵਾ ਪੱਤਰ ਲਿਖਿਆ ਸੀ, ਸਾਨੂੰ ਮੁਆਫ ਕਰਦਿਆਂ ਉਸ ਨੂੰ ਪਾੜ੍ਹ ਦੇਵੋ ਕਿਉਂਕਿ ਅਸੀਂ ਸਾਰਿਆਂ ਨੇ ਆਪਣੇ ਖ਼ੂਨ ਨਾਲ ਉਸ ਦਾਗ ਨੂੰ ਧੋਣ ਦਾ ਯਤਨ ਕੀਤਾ ਹੈ। ਕ੍ਰਿਪਾ ਕਰਕੇ ਆਪ ਸਾਨੂੰ ਦੁਬਾਰਾ ਆਪਣੇ ਚੇਲੇ (ਸਿੰਘ) ਬਣਾ ਲਵੋ, ਜਿਸ ਨਾਲ ਅਸੀਂ ਸ਼ਾਂਤੀ ਪੂਰਵਕ ਮਰ ਸਕੀਏ। ਗੁਰੂਸਾਹਿਬ ਨੇ ਅਥਾਹ ਉਦਾਰਤਾ ਨਾਲ ਉਹ ਬੇ-ਦਾਵਾ ਪੱਤਰ ਆਪਣੀ ਕਮਰ ਕਸੇ ਵਿੱਚੋਂ ਕੱਢ ਕੇ ਮਹਾਂ ਸਿੰਘ ਦੀਆਂ ਅੱਖਾਂ ਸਾਹਮਣੇ ਪਾੜ ਦਿੱਤਾ। ਉਸੇ ਵੇਲੇ ਮਹਾਂ ਸਿਘੰ ਨੇ ਪ੍ਰਾਣ ਤਿਆਗ ਦਿੱਤੇ। ਮਰਦੇ ਸਮੇਂ ਉ ਦੇ ਚਿਹਰੇ ਤੇ ਹਲਕੀ ਜਿਹੀ ਮੁਸਕਰਾਹਟ ਸੀ ਅਤੇ ਉਹ ਧੰਨਵਾਦੀ ਹੋਣ ਦੇ ਅੰਦਾਜ਼ ਵਿਚ ਸੀ।

ਜਦੋਂ ਸਾਰੇ ਮ੍ਰਿਤਕ ਸਰੀਰਾਂ ਨੂੰ ਵੇਖਿਆ ਗਿਆ ਤਾਂ ਉਨ੍ਹਾਂ ਵਿੱਚ ਇੱਕ ਸਰੀਰ ਇਸਤ੍ਰੀ ਦਾ ਵੀ ਸੀ, ਜਿਸਨੇ ਆਦਮੀਆਂ ਵਾਲਾ ਭੇਸ ਧਾਰਨ ਕੀਤਾ ਹੋਇਆ ਸੀ, ਧਿਆਨ ਨਾਲ ਵੇਖਣ ਤੇ ਉਸ ਦੀ

ਨਬਜ਼ ਹੋਈ ਪ੍ਰਤੀਤ ਹੋਈ। ਗੁਰੂਸਾਹਿਬ ਨੇ ਝੱਟਪਟ ਉਸਦਾ ਇਲਾਜ ਕਰਵਾਇਆ ਤਾਂ ਉਹ ਜੀਵਿਤ ਹੋ ਉੱਠੀ। ਇਹ ਸੀ ਮਾਈ ਭਾਗੋ ਜੋ ਜਥੇ ਨੂੰ ਮੁਆਫ਼ੀ ਦਿਵਾਉਣ ਦੇ ਵਿਚਾਰ ਨਾਲ ਉਨ੍ਹਾਂ ਦੀ ਅਗਵਾਈ ਕਰ ਰਹੀ ਸੀ। ਗੁਰੂਸਾਹਿਬ ਨੇ ਉਸਦੇ ਮੂੰਹੋਂ ਸਾਰਾ ਬਿਰਤਾਂਤ ਸੁਣ ਕੇ ਉਸਨੂੰ ਬ੍ਰਹਮ-ਗਿਆਨ ਪ੍ਰਦਾਨ ਕੀਤਾ।

ਸ਼ਹੀਦਾਂ ਦੇ ਸ਼ਰੀਰ ਦੀ ਭਾਲ ਕਰਦੇ ਸਮੇਂ ਗੁਰੂਸਾਹਿਬ ਉਨ੍ਹਾਂ ਦੀ ਵੀਰਤਾ ਤੇ ਭਾਵੁਕ ਹੋ ਗਏ ਅਤੇ ਉਨ੍ਹਾਂ ਨੇ ਹਰ ਇੱਕ ਸ਼ਹੀਦ ਦੇ ਸਿਰ ਨੂੰ ਆਪਣੀ ਗੋਦ ਵਿੱਚ ਲੈ ਕੇ ਵਾਰ-ਵਾਰ ਚੁੰਮਿਆ ਅਤੇ ਪਿਆਰ ਕਰਦੇ ਹੋਏ ਕਹਿੰਦੇ ਗਏ, ਇਹ ਮੇਰਾ ਪੰਜ ਹਜ਼ਾਰੀ ਯੋਧਾ ਸੀ। ਇਹ ਮੇਰਾ ਦਸ ਹਜ਼ਾਰੀ ਯੋਧਾ ਸੀ, ਇਹ ਮੇਰਾ ਵੀਹ ਹਜ਼ਾਰੀ ਯੋਧਾ ਸੀ। ਭਾਵ ਇਹ ਸੀ ਕਿ ਗੁਰੂਸਾਹਿਬ ਨੇ ਉਨ੍ਹਾਂ ਨੂੰ ਮਰਚਨ ਉਪਰੰਤ ਉਪਾਧੀਆਂ ਦੇ ਕੇ ਸਨਮਾਨਿਤ ਕੀਤਾ।

ਵਰਤਮਾਨ ਕਾਲ ਵਿੱਚ ਇਸ ਸਥਾਨ ਦਾ ਨਾਂ 'ਮੁਕਤਸਰ' ਹੈ। ਇਸ ਦਾ ਭਾਵ ਇਹ ਹੈ ਕਿ ਬੇਦਾਵੇ ਵਾਲੇ ਸਿੰਘਾਂ ਨੇ ਆਪਣੇ ਪ੍ਰਾਣਾਂ ਦੀ ਆਹੂਤੀ ਦੇ ਕੇ ਇਸ ਸਥਾਨ ਤੇ ਮੁਕਤੀ ਪ੍ਰਾਪਤ ਕੀਤੀ ਸੀ।


**ਲੇਖਕ: ਜਸਬੀਰ ਸਿੰਘ**

**Ph. : (0172-2696891), 09988160484**



**Type Setting :**
**Radheshyam Choudhary**
**Mob. : 098149- 66882**

निम्नलिखित वेबसाइट में दस गुरूजनों का सम्पूर्ण जीवन वृत्तांत विस्तृत रूप में अवश्य देखें तथा पढ़ें।

# www.sikhworld.info
# or
# www.sikhhistory.in

E-mail : info@sikhworld.info
&
jasbirsikhworldinfo@gmail.com

ਉਪਰੋਕਤ ਵੈਬ ਸਾਇਟ ਵਿੱਚ ਦਸ ਗੁਰੂਸਾਹਿਬਾਂਨ ਦਾ ਸੰਪੂਰਨ ਜੀਵਨ ਬਿਊਰਾ ਵਿਸਤਾਰ ਸਹਿਤ ਜ਼ਰੂਰ ਦੇਖੋ ਅਤੇ ਪੜੋ ਜੀ।

## ਇਸ ਵੈਬ ਸਾਈਟ ਦੀ ਵਿਸ਼ੇਸ਼ਤਾ

ਇਸ ਵਿਚ ਹੈ ਇਸ ਵਿਸਾਲ ਸਿੱਖ ਸੰਗ੍ਰਹਾਲਯ (**Museum**)

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਵ੍ਰਿਤਾਤਾਂ ਨਾਲ ਸਮਬੰਦਿਤ ਘਟਨਾ ਕਰਮ ਦੀਆਂ ਤਸਵੀਰਾਂ ਤੋਂ ਲੈਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਤਕ ਕਾਲਪਨਿਕ ਤਸਵੀਰਾਂ ਜੋ ਇਤਿਹਾਸ ਦ੍ਸਾਂਆਉਦੀਆਂ ਹਨ ਅਤੇ ਉਨ੍ਹਾਂ ਹੇਠ ਹਨ ਹਿੰਦੀ, ਪੰਜਾਬੀ ਵਿਚ ਟਿਪਣੀਆਂ (ਫੁਟਨੋਟ) ਜੋਕਿ ਘਟਨਾਂ ਕਰਮ ਅਤੇ ਇਤਿਹਾਸਿਕ ਪਰਸੰਗਾਂ ਦਾ ਵਰਣਨ ਕਰਿਦਿਆਂ ਹਨ।

**ਨੋਟ :-** ਇਹ ਕਮ ਬੱਚਿਆਂ ਦੀ ਰੁਚੀ ਨੂੰ ਮੁਖ ਰਖਦੇ ਕੀਤਾ ਗਿਆ ਹੈ। ਤਾਕਿ ਉਹ ਸਹਿਜੇ ਹੀ ਅਪਣਾ ਇਤਿਹਾਸ ਜਾਣ ਸਕਣ। ਮੈਂਨੂੰ ਉਮਿਦ ਹੈ ਕਿ ਸਿੱਖ ਜਗਤ ਦੇ ਕਿਸ਼ੋਰ ਅਤੇ ਯੁਵਕ ਇਸ ਵਿਧਿ ਤੋਂ ਲਾਭ ਉਠਾਉਣਗੇ। ਕਿਉਂਕਿ ਇਸ ਵਿਧਿ ਵਿਚ ਅੱਧੀ ਗਲ ਤਸਵੀਰਾਂ ਕਹਿੰਦੀਆਂ ਹਨ ਅਤੇ ਅੱਧੀ ਗਲ ਫੁਟ ਨੋਟ। ਇਸ ਤਰ੍ਹਾਂ ਪਠਕਾਂ ਦੇ ਮਨ ਵਿਚ ਅਪਣੇ ਇਤਿਹਾਸ ਨੂੰ ਪੜਨ ਲਈ ਇੱਛਾ ਜਾਗਰਿਤ ਹੋ ਜਾਂਦੀ ਹੈ।

ਹੁਣ ਤੁਸੀ ਇਸ ਤੋਂ ਅਗੇ ਸਤਾਰਵੀਂ, ਅਠਾਹਰਵੀਂ ਅਤੇ ਉਨ੍ਹੰਵੀਂ ਸੱਦੀ ਦੇ ਸ਼ਹੀਦਾਂ ਦੀਆਂ ਤਸਵੀਰਾਂ ਫੁਟ ਨੋਟ ਸਹਿਤ ਵੇਖੋਗੇ। ਇਸ ਦੇ ਨਾਲ ਹੀ ਸਿੱਖ ਮਾਹਾਪੁਰਖਾਂ ਦੇ ਚਿਤਰ ਅਤੇ ਬੁਧੀ ਜੀਵੀਆਂ ਦੇ ਚਿੱਤਰ ਅਤੇ ਟਿਪੜਿਆਂ ਪੜ੍ਹ ਸਕੋਗੇ।

ਕ੍ਰਿਪਾ ਕਰਕੇ ਆਪ ਜੀ ਸਿੱਖ ਮਿਅਉਜਿਯਮ ਤੇ ਜ਼ਰੂਰੀ ਕਿਲੀਕ ਕਰੋਜੀ।

1. ਜੇਕਰ ਕੋਈ ਇਸ ਨੂੰ ਦੁਬਾਰਾ ਪ੍ਰਕਾਸ਼ਿਤ ਕਰਵਾਣਾ ਚਾਹੇ ਤਾਂ ਉਹ ਇਸ ਨੂੰ ਮੁਫ਼ਤ ਵੰਡ ਸਕਦਾ ਹੈ।
2. यदि कोई इसे पुनः प्रकाशित करवाना चाहे तो वह निःशुल्क बटवा सकता है।